IndiaFirst
LIFE INSURANCE

**Publication : Punjabi Jagran** **Date : Wednesday, 16th Jan, 2013**
**Edition : Ludhiana**

# ਇੰਡੀਆਫਸਟ ਵਲੋਂ ਆਪਣੀ ਸਮਾਜਿਕ ਜ਼ਿੰਮੇਵਾਰੀ ਪਹਿਲਕਦਮੀ

**ਸਟਾਫ ਰਿਪੋਰਟਰ, ਲੁਧਿਆਣਾ :** ਇੰਡੀਆਫਸਟ ਲਾਈਫ਼ ਇੰਸ਼ੋਰੈਂਸ, ਜੋ ਜਨਤਕ ਖੇਤਰ ਦੇ ਦੋ ਬੈਂਕਾਂ-ਬੈਂਕ ਆਫ਼ ਬੜੌਦਾ ਤੇ ਆਂਧਰਾ ਬੈਂਕ ਤੇ ਯੂਕੇ ਦੀ ਜ਼ੋਖਮ, ਦੌਲਤ ਤੇ ਨਿਵੇਸ਼ ਸਬੰਧੀ ਕੰਪਨੀ ਲੀਗਲ ਐਂਡ ਜਨਰਲ ਦਾ ਇਕ ਸਾਂਝਾ ਉੱਦਮ ਹੈ, ਨੇ ਆਪਣੀ ਸਮਾਜਿਕ ਜ਼ਿੰਮੇਵਾਰੀ ਪਹਿਲਕਦਮੀ ਆਟੋਲਾਈਫ਼ ਦੇ ਦੂਜੇ ਗੇੜ ਦੀ ਲਾਂਚ ਦਾ ਐਲਾਨ ਕੀਤਾ ਹੈ। ਆਟੋਲਾਈਫ਼ ਇਕ ਪਹਿਲਕਦਮੀ ਹੈ, ਜਿਹੜੀ ਸੜਕ 'ਤੇ ਸਿਹਤਮੰਦ ਕਾਰਵਾਈਆਂ 'ਤੇ ਜ਼ੋਰ ਦਿੰਦੀ ਹੈ, ਜਿਵੇਂ ਆਵਾਜ਼ ਪ੍ਰਦੂਸ਼ਣ ਤੋਂ ਬਚਣ ਲਈ ਬੇਲੋੜੇ ਹਾਰਨ ਨਾ ਵਜਾਉਣਾ, ਹਾਦਸੇ ਘਟਾਉਣ ਲਈ ਖੱਬੇ ਪਾਸਿਓਂ ਓਵਰਟੇਕਿੰਗ ਨਾ ਕਰਨਾ ਤੇ ਸ਼ਹਿਰ 'ਚ ਵਾਹਨ ਚਲਾਉਂਦੇ ਸਮੇਂ ਹੈੱਡਲਾਈਟਾਂ ਦੀ ਹਾਈਬੀਮ ਨਾ ਚਲਾਉਣ ਆਦਿ ਲਗਾਤਾਰ ਚੱਲੇਗਾ। ਫੇਜ਼ ਦੋ 'ਚ ਸ਼ਾਮਲ ਹੈ ਆਟੋਲਾਈਫ਼ ਮੈਂਬਰਾਂ ਦੀ ਆਨਲਾਈਨ ਕਮਿਊਨਿਟੀ ਬਣਾਉਣਾ।

ਇੰਡੀਆਫਸਟ ਨੇ ਇਹ ਕਮਿਊਨਿਟੀ ਕਾਇਮ ਕਰਨ ਦੇ ਉਦੇਸ਼ ਨਾਲ ਇਕ ਮਾਈਕਰੋ-ਸਾਈਟ ਲਾਂਚ ਕੀਤੀ, ਜਿਹੜੀ ਮੈਂਬਰਾਂ ਨੂੰ ਆਨਲਾਈਨ ਢੰਗ ਨਾਲ ਮਿਲਣ, ਆਪਸ 'ਚ ਵਿਚਾਰ-ਵਟਾਂਦਰਾ ਕਰਨ ਤੇ ਆਪਣੇ ਇਲਾਕੇ 'ਚ ਸੁਰੱਖਿਅਤ ਡਰਾਈਵਿੰਗ ਦੀਆਂ ਪਹਿਲਕਦਮੀਆਂ ਸ਼ੁਰੂ ਕਰਨ, ਉਨ੍ਹਾਂ ਨੂੰ ਹੱਲਾਸ਼ੇਰੀ ਦੇਣ 'ਤੇ ਵਿਚਾਰਾਂ ਦੇ ਪ੍ਰਗਟਾਵੇ 'ਚ ਮਦਦ ਕਰੇਗੀ। ਇਹ ਐਲਾਨ ਇੰਡੀਆਫਸਟ ਲਾਈਫ਼ ਇੰਸ਼ੋਰੈਂਸ ਦੇ ਮੈਨੇਜਿੰਗ ਡਾਇਰੈਕਟਰ ਤੇ ਸੀਈਓ ਡਾ. ਪੀ. ਨੰਦਾਗੋਪਾਲ ਨੇ ਆਂਧਰਾ ਪ੍ਰਦੇਸ਼ ਸਰਕਾਰ ਦੇ ਟਰਾਂਸਪੋਰਟ ਮੰਤਰੀ ਤੇ ਆਂਧਰਾ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਬੀ. ਸੱਤਿਆਨਾਰਾਇਣ ਦੀ ਹਾਜ਼ਰੀ 'ਚ ਕੀਤਾ।

A Joint Venture of
Bank of Baroda Legal & General ANDHRA BANK